# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਪੀ ਏ ਯੂ ਦੇ ਪਸਾਰ ਸਿੱਖਿਆ ਵਿਦਿਆਰਥੀਆਂ ਨੇ ਰਾਸ਼ਟਰੀ ਕਾਨਫਰੰਸ ਵਿੱਚ ਇਨਾਮ ਜਿੱਤੇ



Manjinder Singh   Harsh Bhushan   Dinesh Sou   Arjun

ਲੁਧਿਆਣਾ 6 ਮਈ : ਪੀ ਏ ਯੂ ਦੇ ਪਸਾਰ ਸਿੱਖਿਆ ਵਿਭਾਗ ਦੇ ਵਿਦਿਆਰਥੀਆਂ ਨੇ ਇੰਡੀਅਨ ਈਕੋਲੋਜੀਕਲ ਸੋਸਾਇਟੀ ਦੁਆਰਾ ਸ਼ੇਰ-ਏ-ਕਸ਼ਮੀਰ ਯੂਨੀਵਰਸਿਟੀ ਆਫ਼ ਐਗਰੀਕਲਚਰਲ ਸਾਇੰਸਜ਼ ਐਂਡ ਤਕਨਾਲੋਜੀ ਆਫ਼ ਜੰਮੂ ਵਿਖੇ ਆਯੋਜਿਤ ਕੀਤੀ ਗਈ ਰਾਸ਼ਟਰੀ ਕਾਨਫਰੰਸ ਵਿੱਚ ਪੋਸਟਰ ਪੇਸ਼ਕਾਰੀ ਦੇ ਕਈ ਥੀਮਾਂ ਵਿੱਚ ਇਨਾਮ ਜਿੱਤੇ ਹਨ। ਇਹ ਕਾਨਫਰੰਸ ਜਲਵਾਯੂ ਸਥਿਰਤਾ ਅਤੇ ਲਚਕੀਲੇਪਨ ਬਾਰੇ ਯੋਜਨਾਬੰਦੀ ਵਿਸ਼ੇ ਬਾਰੇ ਕਾਰਵਾਈ ਗਈ ਸੀ। ਇਨ੍ਹਾਂ ਵਿਦਿਆਰਥੀਆਂ ਵਿੱਚ ਡਾ. ਵਿਪਨ ਕੁਮਾਰ ਰਾਮਪਾਲ ਦੀ ਨਿਗਰਾਨੀ ਹੇਠ ਖੋਜ ਕਰਨ ਵਾਲੇ ਮਨਜਿੰਦਰ ਸਿੰਘ ਨੇ ਪੋਸਟਰ ਲਈ ਥੀਮ-7 ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।

ਅਪਰ ਨਿਰਦੇਸ਼ਕ ਸੰਚਾਰ ਦੀ ਨਿਗਰਾਨੀ ਹੇਠ ਪੀਐਚ.ਡੀ. ਕਰ ਰਹੇ ਸਕਾਲਰ ਹਰਸ਼ ਭੂਸ਼ਣ ਨੇ ਥੀਮ-8 ਦੇ ਤਹਿਤ ਆਪਣੀ ਪੋਸਟਰ ਪੇਸ਼ਕਾਰੀ ਲਈ ਪਹਿਲਾ ਇਨਾਮ ਪ੍ਰਾਪਤ ਕੀਤਾ ਜਿਸਦਾ ਸਿਰਲੇਖ ' ਜੰਮੂ ਖੇਤਰ ਵਿੱਚ ਕਿਸਾਨਾਂ ਵੱਲੋਂ ਵਾਧੂ ਝੋਨਾ ਵੇਚਣ ਲਈ ਜ਼ਿੰਮੇਵਾਰ ਕਾਰਕ' ਸੀ। ਅਤੇ ਡਾ. ਪੰਕਜ ਕੁਮਾਰ ਦੀ ਨਿਗਰਾਨੀ ਹੇਠ ਕਾਰਜ ਕਰ ਰਹੇ ਦਿਨੇਸ਼ ਸੂ, ਅਤੇ ਅਰਜੁਨ ਪੀਐਚ.ਡੀ. ਸਕਾਲਰਾਂ ਨੇ ਵੀ ਪੋਸਟਰ ਪੇਸ਼ਕਾਰੀ ਰਾਹੀਂ ਆਪਣੇ ਥੀਮ ਵਰਗ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ।

## ਐਨ ਸੀ ਸੀ 3 ਪੰਜਾਬ (ਲੜਕੀਆਂ) ਬਟਾਲਿਅਨ ਦੇ ਕੈਡਟਾਂ ਨੂੰ ਸਰਟੀਫਿਕੇਟ ਵੰਡੇ*

### ਇਹ ਉਪਲੱਬਧੀ ਕੈਡਟਾਂ ਦੀ ਸੱਚੀ ਨਿਸ਼ਠਾ, ਅਨੁਸ਼ਾਸਨ ਤੇ ਸਖ਼ਤ ਮਿਹਨਤ ਦਾ ਸਬੂਤ ਹੈ – ਕਮਾਂਡਿੰਗ ਅਫਸਰ ਕਰਨਲ ਆਰ.ਐਸ. ਚੌਹਾਨ



ਲੁਧਿਆਣਾ, 06 ਮਈ : ਕਮਾਂਡਿੰਗ ਅਫਸਰ ਕਰਨਲ ਆਰ.ਐਸ. ਚੌਹਾਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਨ ਸੀ ਸੀ 3 ਪੰਜਾਬ (ਲੜਕੀਆਂ) ਬਟਾਲਿਅਨ, ਲੁਧਿਆਣਾ ਯੂਨਿਟ ਦੇ ਕੈਡਟਾਂ ਨੇ ਜੂਨੀਅਰ ਵਿੰਗ 'A' ਸਰਟੀਫਿਕੇਟ ਪਰੀਖਿਆ ਸਫਲਤਾਪੂਰਵਕ ਪਾਸ ਕੀਤੀ ਹੈ ਅਤੇ 100% ਨਤੀਜਾ ਹਾਸਲ ਕੀਤਾ ਹੈ। ਉਨ੍ਹਾਂ ਇਸ ਉਪਲੱਬਧੀ ਨੂੰ ਕੈਡਟਾਂ ਦੀ ਸੱਚੀ ਨਿਸ਼ਠਾ, ਅਨੁਸ਼ਾਸਨ ਅਤੇ ਲਗਾਤਾਰ ਮਿਹਨਤ ਦਾ ਸਬੂਤ ਕਰਾਰ ਦਿੱਤਾ।

ਸਾਰੇ ਸੰਬੰਧਤ ਸੰਸਥਾਨਾਂ ਵਿੱਚ ਸਰਟੀਫਿਕੇਟ ਵੰਡ ਦੀ ਪ੍ਰਕਿਰਿਆ ਇਸ ਵੇਲੇ ਜਾਰੀ ਹੈ। ਮਿਤੀ 06 ਮਈ 2026 ਨੂੰ ਡੀ ਏ ਵੀ ਸਕੂਲ ਵਿੱਚ ਇੱਕ ਆਧਿਕਾਰਿਕ ਸਮਾਰੋਹ ਦੌਰਾਨ ਸਫਲ ਕੈਡਟਾਂ ਨੂੰ 'A' ਸਰਟੀਫਿਕੇਟ 2025-26 ਪ੍ਰਦਾਨ ਕੀਤੇ ਗਏ।

ਕਮਾਂਡਿੰਗ ਅਫਸਰ ਕਰਨਲ ਆਰ.ਐਸ. ਚੌਹਾਨ ਸਮੇਤ ਯੂਨਿਟ ਦੇ ਸਮੂਹ ਸਟਾਫ ਵੱਲੋਂ ਕੈਡਟਾਂ ਨੂੰ ਉਨ੍ਹਾਂ ਦੇ ਸ਼ਲਾਘਾਯੋਗ ਪ੍ਰਦਰਸ਼ਨ ਲਈ ਪ੍ਰੋਤਸਾਹਿਤ ਕੀਤਾ ਗਿਆ। ਕੈਡਟਾਂ ਦੇ ਸਮਰਪਣ ਅਤੇ ਜਜ਼ਬੇ ਦੀ ਪ੍ਰਸ਼ੰਸਾ ਕੀਤੀ ਗਈ, ਜਿਸ ਨਾਲ ਯੂਨਿਟ ਦਾ ਮਾਣ ਵਧਿਆ ਹੈ।

ਇਹ ਉਪਲੱਬਧੀ ਯੂਨਿਟ ਵੱਲੋਂ ਦਿੱਤੇ ਜਾ ਰਹੇ ਉੱਚ ਮਿਆਰੀ ਪ੍ਰਸ਼ਿਕਸ਼ਣ ਅਤੇ ਲਗਾਤਾਰ ਮਾਰਗਦਰਸ਼ਨ ਨੂੰ ਦਰਸਾਉਂਦੀ ਹੈ, ਜੋ ਕੈਡਟਾਂ ਦੇ ਸਮੁੱਚੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ।

## " ਸੰਤ ਤੇਜਾ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਮਾਗਮ "

ਮਸਤੂਆਣਾ ਸਾਹਿਬ 6 ਮਈ : ਸੰਤ ਅਤਰ ਸਿੰਘ ਜੀ ਦੁਆਰਾ ਵਰੋਸਾਈ ਹੋਈ ਪਲੇਠੀ ਸੰਸਥਾ ਅਕਾਲ ਸੀਨੀਅਰ ਸੈਕੰਡਰੀ ਸਕੂਲ, ਮਸਤੂਆਣਾ ਸਾਹਿਬ ਦੇ ਪਹਿਲੇ ਪ੍ਰਿੰਸੀਪਲ ਸੰਤ ਤੇਜਾ ਸਿੰਘ ਜੀ (ਸੰਤ ਅਤਰ ਸਿੰਘ ਜੀ ਦੇ ਸੱਚੇ ਸੇਵਕ ) ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਅੱਜ ਸਕੂਲ ਦੇ ਵਿਦਿਆਰਥੀਆਂ ਨੇ ਜਪੁਜੀ ਸਾਹਿਬ ਦੇ ਪਾਠ ਉਪਰੰਤ ਸ਼ਬਦ ਕੀਰਤਨ ਅਤੇ ਅਰਦਾਸ ਕੀਤੀ ।ਸੰਤ ਤੇਜਾ ਸਿੰਘ ਜੀ ਦੇ ਜੀਵਨ ਬਾਰੇ ਆਈਆਂ ਸ਼ਖਸ਼ੀਅਤਾਂ ਸ੍ਰ.ਪ੍ਰੀਤਮ ਸਿੰਘ ਜੀ (ਸਾਇੰਸ ਮਾਸਟਰ), ਮੈਡਮ ਮਨਦੀਪ ਕੌਰ ਜੀ ( ਭਾਈ ਮਨੀ ਸਿੰਘ ਕਾਲਜ, ਲੌਂਗੋਵਾਲ), ਸ੍ਰ. ਜਸਵੀਰ ਸਿੰਘ ਜੀ, ਮੈਨੇਜਰ, ਗੁਰਸਾਗਰ ਮਸਤੂਆਣਾ ਸਾਹਿਬ, ਸ੍ਰ.ਅਵਤਾਰ ਸਿੰਘ ਜੀ, ਹਜ਼ੂਰੀ ਰਾਗੀ, ਮਸਤੂਆਣਾ ਸਾਹਿਬ, ਮੀਡੀਆ ਇੰਚਾਰਜ ਮੈਡਮ ਪ੍ਰੀਤ





ਹੀਰ ਜੀ, ਅਤੇ ਮੈਡਮ ਰਮਨਦੀਪ ਕੌਰ ਜੀ ਨੇ ਆਪਣੇ ਵਿਚਾਰ ਰੱਖੇ ਜਿਨ੍ਹਾਂ ਰਾਹੀਂ ਉਹਨਾਂ ਨੇ ਵਿਦਿਆਰਥੀਆਂ ਨੂੰ ਸੰਤ ਅਤਰ ਸਿੰਘ ਜੀ ਦੇ ਫਲਸਫੇ ਅਨੁਸਾਰ ਦੁਨਿਆਵੀ ਵਿਦਿਆ ਦੇ ਨਾਲ- ਨਾਲ ਅਧਿਆਤਮਿਕਤਾ ਅਤੇ ਸ਼ਹਿਨਸ਼ੀਲਤਾ ਵਰਗੇ ਗੁਣਾਂ ਨੂੰ ਧਾਰਨ ਕਰਨ ਦਾ ਸੁਨੇਹਾ ਦਿੱਤਾ। ਬਾਅਦ ਵਿੱਚ ਇਨ੍ਹਾਂ ਮਹਿਮਾਨਾਂ ਦਾ ਸਨਮਾਨ ਕਰਦੇ ਹੋਏ ਸਕੂਲ ਪ੍ਰਿੰਸੀਪਲ ਸ੍ਰ. ਰਾਜਿੰਦਰ ਸਿੰਘ ਬਾਜਵਾ ਜੀ ਅਤੇ ਸਮੂਹ ਸਟਾਫ।

## ਪਨਗਰੇਨ ਦੇ ਚੇਅਰਮੈਨ ਡਾ. ਤੇਜਪਾਲ ਸਿੰਘ ਗਿੱਲ ਨੇ ਨੌਜਵਾਨਾਂ ਨੂੰ ਸਪੋਰਟਸ ਕਿੱਟਾਂ ਵੰਡੀਆਂ



ਸੁਧਾਰ/ਲੁਧਿਆਣਾ, 06 ਮਈ : ਪਨਗਰੇਨ ਦੇ ਚੇਅਰਮੈਨ ਡਾਕਟਰ ਤੇਜਪਾਲ ਸਿੰਘ ਗਿੱਲ ਵੱਲੋਂ ਆਪਣੇ ਸੁਧਾਰ ਦਫ਼ਤਰ ਵਿਖੇ ਹਲਕਾ ਦਾਖਾ ਦੇ ਵੱਖ-ਵੱਖ ਪਿੰਡਾਂ ਦੇ ਨੌਜਵਾਨਾਂ ਨੂੰ ਸਪੋਰਟਸ ਕਿੱਟਾਂ ਵੰਡੀਆਂ।

ਚੇਅਰਮੈਨ ਡਾ. ਗਿੱਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਤੇ ਹੋਰ ਅਲਾਮਤਾਂ ਤੋਂ ਦੂਰ ਰੱਖਦਿਆਂ, ਖੇਡਾਂ ਵੱਲ ਪ੍ਰੇਰਿਤ ਕਰਨ ਲਈ ਸਮੇਂ-ਸਮੇਂ 'ਤੇ ਵੱਖ-ਵੱਖ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਵਿੱਚ ਖੇਡ ਗਰਾਊਂਡਾਂ ਦਾ ਨਵੀਨੀਕਰਨ ਅਤੇ ਖਿਡਾਰੀਆਂ ਨੂੰ ਖੇਡਾਂ ਦਾ ਸਮਾਨ ਮੁਹੱਈਆ ਕਰਵਾਉਣਾ ਆਦਿ ਸ਼ਾਮਿਲ ਹੈ। ਉਨ੍ਹਾ ਕਿਹਾ ਕਿ ਜੇਕਰ ਖਿਡਾਰੀ ਖੇਡ ਮੈਦਾਨਾਂ ਵਿੱਚ ਜਾ ਕੇ ਖੇਡਣਗੇ ਤਾਂ ਉਹ ਬੁਰਾਈਆਂ ਤੋਂ ਦੂਰ ਰਹਿਣਗੇ ਅਤੇ ਆਪਣੇ ਭਵਿੱਖ ਨੂੰ ਚੰਗਾ ਬਣਾ ਸਕਣਗੇ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਹਿਲਾਂ ਹੀ ਮੁਫਤ ਖੇਡ ਕਿੱਟਾਂ ਵੰਡਣ, ਟੂਰਨਾਮੈਂਟ ਆਯੋਜਿਤ ਕਰਨ, ਖਿਡਾਰੀਆਂ ਨੂੰ ਪੌਸ਼ਟਿਕ ਆਹਾਰ ਮੁਹੱਈਆ ਕਰਵਾਉਣ, ਕੋਚਾਂ ਦੀ ਨਿਯੁਕਤੀ ਅਤੇ ਬੁਨਿਆਦੀ ਢਾਂਚਾ ਉਸਾਰ ਕੇ ਪੰਜਾਬ ਭਰ ਵਿੱਚ ਖੇਡਾਂ ਨੂੰ ਉਤਸ਼ਾਹਤ ਕਰਨ ਵੱਡੇ ਪੱਧਰ 'ਤੇ ਉਪਰਾਲੇ ਕਰ ਰਹੀ ਹੈ।

ਉਨ੍ਹਾਂ ਨੌਜਵਾਨਾਂ ਨੂੰ ਖੇਡਾਂ ਵਿੱਚ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਸੂਬਾ ਸਰਕਾਰ ਦਾ ਸਮਰਥਨ ਕਰਨ ਦਾ ਵੀ ਸੱਦਾ ਦਿੱਤਾ।

## ਭਾਸ਼ਾ ਵਿਭਾਗ ਪੰਜਾਬ ਨੇ ਕਰਾਇਆ ਕੁਲਵੰਤ ਸਿੰਘ ਵਿਰਕ ਯਾਦਗਾਰੀ ਕਹਾਣੀ ਸਮਾਗਮ



ਪਟਿਆਲਾ 6 ਮਈ : ਪੰਜਾਬ ਸਰਕਾਰ ਦੀ ਸਰਪ੍ਰਸਤੀ ਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਅੱਜ ਪ੍ਰਸਿੱਧ ਪੰਜਾਬੀ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦੀ ਯਾਦ ਨੂੰ ਸਮਰਪਿਤ ਕਹਾਣੀ ਸਮਾਗਮ ਕਰਵਾਇਆ ਗਿਆ ਜਿਸ ਦੌਰਾਨ ਦੋ ਪ੍ਰਸਿੱਧ ਸਮਕਾਲੀ ਕਹਾਣੀਕਾਰਾਂ ਅਜਮੇਰ ਸਿੱਧੂ ਅਤੇ ਸਾਂਵਲ ਧਾਮੀ ਦੀਆਂ ਕਹਾਣੀਆਂ ਦਾ ਪਾਠ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਡਾ.ਸੁਰਜੀਤ ਸਿੰਘ ਨੇ ਕੀਤੀ।

ਇਸ ਪ੍ਰੋਗਰਾਮ ਦੇ ਪਹਿਲੇ ਭਾਗ ਵਿੱਚ ਡਾਇਰੈਕਟਰ ਭਾਸ਼ਾ ਵਿਭਾਗ ਸ. ਜਸਵੰਤ ਸਿੰਘ ਜ਼ਫ਼ਰ ਨੇ ਆਏ ਕਹਾਣੀਕਾਰਾਂ, ਵਿਦਵਾਨਾਂ ਤੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਕੁਲਵੰਤ ਸਿੰਘ ਵਿਰਕ ਦੀ ਹੁਨਰੀ ਨਿੱਕੀ ਕਹਾਣੀ ਦੀ ਵਿਸ਼ੇਸ਼ਤਾ ਬਾਰੇ ਗੱਲਾਂ ਸਾਂਝੀਆਂ ਕੀਤੀਆਂ। ਉਹਨਾਂ ਕੁਲਵੰਤ ਸਿੰਘ ਵਿਰਕ ਨੂੰ ਪੰਜਾਬੀ ਬੰਦੇ ਦੇ ਅਵਚੇਤਨ ਨੂੰ ਫੜਨ ਵਾਲਾ ਕਹਾਣੀਕਾਰ ਆਖਦਿਆਂ ਉਸ ਦੁਆਰਾ ਨਿੱਕੀ ਕਹਾਣੀ ਦੇ ਵਿਕਾਸ ਵਿੱਚ ਪਾਏ ਯੋਗਦਾਨ ਬਾਰੇ ਚਾਨਣਾ ਪਾਇਆ। ਕਹਾਣੀਕਾਰ ਅਜਮੇਰ ਸਿੱਧੂ ਨੇ ਆਰਟੀਫਿਸ਼ਲ ਇੰਟੈਲੀਜੈਂਸ ਵਿਸ਼ੇ ਨਾਲ ਸੰਬੰਧਿਤ ਆਪਣੀ ਕਹਾਣੀ 'ਬਰਫ ਦੀ ਬੁਲਬੁਲ' ਪੜ੍ਹੀ ਜਿਸ ਦੀ ਭਰਪੂਰ ਪ੍ਰਸੰਸਾ ਹੋਈ। ਸ੍ਰੀ ਸਾਂਵਲ ਧਾਮੀ ਨੇ ਪੰਜਾਬ ਵੰਡ ਨਾਲ ਸੰਬੰਧਿਤ ਆਪਣੀ ਕਹਾਣੀ 'ਗਰਾਈਂ' ਪੜ੍ਹੀ, ਜਿਸ ਨਾਲ ਪੰਜਾਬੀ ਭਾਈਚਾਰੇ ਦੀਆਂ ਵਿਭਿੰਨ ਪਰਤਾਂ ਉਘੜ ਕੇ ਸਾਹਮਣੇ ਆਈਆਂ ਅਤੇ ਪੰਜਾਬੀ ਭਾਈਚਾਰੇ ਦੇ ਵਡੱਪਣ ਦੀ ਗੱਲ ਸਾਹਮਣੇ ਆਈ। ਡਾ. ਸੁਰਜੀਤ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕੁਲਵੰਤ ਸਿੰਘ ਵਿਰਕ ਬਾਰੇ ਕਿਹਾ ਕਿ ਪੰਜਾਬੀ ਦੀ ਨਿੱਕੀ ਕਹਾਣੀ ਦੇ ਖੇਤਰ ਵਿੱਚ ਵਿਰਕ ਦਾ ਸਥਾਨ ਮੀਲ ਪੱਥਰ ਵਾਂਗ ਹੈ। ਉਸ ਦੀ ਕਹਾਣੀ ਦੀਆਂ ਵਿਸ਼ੇਸ਼ਤਾਵਾਂ ਉਸ ਤੋਂ ਅਗਲੀ ਪੀੜ੍ਹੀ ਦੇ ਕਥਾਕਾਰਾਂ ਲਈ ਪ੍ਰਤਿਮਾਨ ਵਾਂਗ ਸਥਾਪਿਤ ਹੋਈਆਂ। ਕਹਾਣੀਕਾਰਾਂ ਬਾਰੇ ਉਹਨਾਂ ਕਿਹਾ ਕਿ ਸਾਂਵਲ ਧਾਮੀ ਦੀ ਕਹਾਣੀ ਜਿੱਥੇ ਪੰਜਾਬੀ ਬੰਦੇ ਦੇ ਅੰਦਰਲੇ ਦੁੱਖ/ਦਰਦ ਨੂੰ ਆਵਾਜ਼ ਦਿੰਦੀ ਹੈ ਅਤੇ ਜੀਵਨ ਦੇ ਅਣਛੋਹੇ ਪੱਖਾਂ ਨੂੰ ਛੋਹਦੀ ਹੈ ਉਥੇ ਆਪਣੀ ਕਾਵਿਕ ਭਾਸ਼ਾ ਰਾਹੀਂ ਮੋਹਿਤ ਵੀ ਕਰਦੀ ਹੈ। ਇਸੇ ਤਰ੍ਹਾਂ ਅਜਮੇਰ ਸਿੱਧੂ ਦੀ ਕਹਾਣੀ ਪੰਜਾਬ ਦੇ ਅਵਚੇਤਨ, ਗਿਆਨ, ਵਿਗਿਆਨ ਵੱਲ ਰੁਚਿਤ ਰਹਿੰਦਿਆਂ ਪੰਜਾਬੀ ਬੰਦੇ ਦੀਆਂ ਮਾਨਸਿਕਤਾ ਦੀਆਂ ਅਜੀਬ ਗੰਢਾਂ ਨੂੰ ਖੋਲ੍ਹਦੀ ਹੈ। ਉਹ ਅਜਿਹਾ ਸਮਕਾਲੀ ਕਹਾਣੀਕਾਰ ਹੈ ਜਿਹੜਾ ਸਮਕਾਲ ਦੀਆਂ ਘਟਨਾਵਾਂ ਤੇ ਵਰਤਾਰਿਆਂ ਨੂੰ ਆਪਣੀ ਕਹਾਣੀ ਵਿੱਚ ਭਵਿੱਖਮੁਖੀ ਦ੍ਰਿਸ਼ਟੀ ਨਾਲ ਸਮੇਟਦਾ ਹੈ। ਇਸ ਦੌਰਾਨ ਵਿਭਾਗ ਵੱਲੋਂ ਡਾ. ਸੁਰਜੀਤ ਸਿੰਘ, ਅਜਮੇਰ ਸਿੱਧੂ ਅਤੇ ਸਾਂਵਲ ਧਾਮੀ ਦਾ ਵਿਭਾਗੀ ਸ਼ਾਲਾਂ ਅਤੇ ਕਿਤਾਬਾਂ ਦੇ ਸੈੱਟਾਂ ਨਾਲ ਸਨਮਾਨ ਕੀਤਾ ਗਿਆ। ਸਮਾਗਮ ਦੇ ਅੰਤ ਉੱਤੇ ਤੇਜਿੰਦਰ ਸਿੰਘ ਗਿੱਲ ਸਹਾਇਕ ਡਾਇਰੈਕਟਰ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

ਇਸ ਮੌਕੇ ਭੁਪਿੰਦਰਾ ਸਪੋਰਟਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ, ਸਾਬਕਾ ਆਈ.ਆਰ.ਐਸ. ਹਰਜੀਤ ਸਿੰਘ ਸੋਹੀ, ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਬਲਦੇਵ ਸਿੰਘ ਧਾਲੀਵਾਲ , ਸਾਬਕਾ ਡਿਪਟੀ ਡਾਇਰੈਕਟਰ ਸਤਨਾਮ ਸਿੰਘ, ਸ਼੍ਰੋਮਣੀ ਕਵੀ ਬਲਵਿੰਦਰ ਸੰਧੂ, ਕੁਲਵੰਤ ਸਿੰਘ ਨਾਰੀਕੇ, ਜੋਗਾ ਸਿੰਘ ਧਨੌਲਾ, ਡਾ. ਗੁਰਦੇਵ ਸਿੰਘ, ਡਾ.ਸਰਬਜੀਤ ਕੌਰ ਤੋਂ ਇਲਾਵਾ ਵਿਭਾਗ ਦੇ ਡਿਪਟੀ ਡਾਇਰੈਕਟਰ ਆਲੋਕ ਚਾਵਲਾ, ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਸੁਖਪ੍ਰੀਤ ਕੌਰ, ਜਸਪ੍ਰੀਤ ਕੌਰ, ਸੁਰਿੰਦਰ ਕੌਰ , ਦਵਿੰਦਰ ਕੌਰ ਤੇ ਰਾਬੀਆ, ਡਾ. ਸੰਤੋਖ ਸਿੰਘ ਸਤਪਾਲ ਸਿੰਘ ਖੋਜ ਅਫ਼ਸਰ ਸਮੇਤ ਵਿਭਾਗ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਸ਼ਮੂਲੀਅਤ ਕੀਤੀ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਮਨਜਿੰਦਰ ਸਿੰਘ ਨੇ ਬਾਖ਼ੂਬੀ ਕੀਤਾ।

ਤਸਵੀਰ: ਭਾਸ਼ਾ ਵਿਭਾਗ ਪੰਜਾਬ ਵੱਲੋਂ ਕਰਵਾਏ ਗਏ ਕੁਲਵੰਤ ਸਿੰਘ ਵਿਰਕ ਯਾਦਗਾਰੀ ਕਹਾਣੀ ਸਮਾਗਮ ਦੌਰਾਨ ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜਫਰ ਮਹਿਮਾਨਾਂ ਨੂੰ ਸਨਮਾਨਤ ਕਰਦੇ ਹੋਏ।

## .ਆਰਮੀ ਸਕੂਲਾਂ 'ਚ ਪੰਜਾਬੀ ਨੂੰ ਨੁੱਕਰੇ ਲਾ ਕੇ ਸੰਸਕ੍ਰਿਤ ਦੀ ਲਾਜ਼ਮੀ ਪੜ੍ਹਾਈ ਸ਼ੁਰੂ ਕਰਨਾ ਪੰਜਾਬੀਆਂ ਨਾਲ ਸ਼ਰ੍ਹੇਆਮ ਧੱਕਾ

### ਪੰਜਾਬ ਦੀਆਂ ਭਾਸ਼ਾਈ ਤੇ ਸੱਭਿਆਚਾਰਕ ਜੜ੍ਹਾਂ ਖੋਖਲੀਆਂ ਨਾ ਕਰੋ- ਪ੍ਰੋ. ਗੁਰਭਜਨ ਸਿੰਘ ਗਿੱਲ



ਲੁਧਿਆਣਾঃ 6 ਮਈ : ਪੰਜਾਬ ਵਿੱਚ ਕਾਰਜਸ਼ੀਲ ਆਰਮੀ ਪਬਲਿਕ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਨੂੰ ਨੁੱਕਰੇ ਲਾ ਕੇ ਸੰਸਕ੍ਰਿਤ ਦੀ ਲਾਜ਼ਮੀਂ ਪੜ੍ਹਾਈ ਪੰਜ ਮਈ ਤੋਂ ਸ਼ੁਰੂ ਕਰ ਦਿੱਤੀ ਗਈ ਹੈ।ਇਹ ਧੱਕਾ ਕਿਸੇ ਵੀ ਪੱਧਰ ਤੇ ਪ੍ਰਵਾਨ ਨਹੀਂ ਕੀਤਾ ਜਾਵੇਗਾ।
ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਵਲੋਂ ਬੱਚਿਆਂ ਦੇ ਮਾਪਿਆਂ ਤੋਂ ਇੱਕ ਐਲਾਨਨਾਮੇ ਉਤੇ ਦਸਤਖ਼ਤ ਕਰਵਾ ਕੇ ਸਹਿਮਤੀ ਲਈ ਜਾ ਰਹੀ ਹੈ ਕਿ ਉਹਨਾਂ ਦੇ ਬੱਚੇ ਪੰਜਾਬੀ ਭਾਸ਼ਾ ਨੂੰ ਐਡੀਸ਼ਨਲ ਵਿਸ਼ੇ ਵਜੋਂ ਪੜ੍ਹਨ ਲਈ ਤਿਆਰ ਹਨ।
ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਦੀ ਇਸ ਧੱਕੇਸ਼ਾਹੀ ਵਾਲੇ ਫ਼ੈਸਲੇ ਖ਼ਿਲਾਫ਼ ਪੰਜਾਬ ਚੇਤਨਾ ਮੰਚ ਨੇ ਤਿੱਖਾ ਵਿਰੋਧ ਦਰਜ ਕਰਵਾਇਆ ਹੈ।

ਮੰਚ ਨੇ ਇਸ ਨੂੰ ਨਾ ਸਿਰਫ਼ ਪੰਜਾਬੀ ਭਾਸ਼ਾ ਅਤੇ ਪੰਜਾਬ ਦੇ ਭਾਸ਼ਾ ਕਾਨੂੰਨ-2008 ਦੀ ਉਲੰਘਣਾ ਕਰਾਰ ਦਿੱਤਾ ਹੈ, ਸਗੋਂ ਸਿੱਖਿਆ ਨੀਤੀ-2020 ਅਤੇ ਕੌਮੀ ਪਾਠਕ੍ਰਮ ਢਾਂਚੇ ਦੀਆਂ ਭਾਵਨਾਵਾਂ ਦੇ ਵੀ ਖ਼ਿਲਾਫ਼ ਦੱਸਿਆ ਹੈ।ਪੰਜਾਬ ਚੇਤਨਾ ਮੰਚ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ, ਜਨਰਲ ਸਕੱਤਰ ਸਤਨਾਮ ਸਿੰਘ ਮਾਣਕ ਅਤੇ ਜਥੇਬੰਦਕ ਸਕੱਤਰ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਜਾਬ ਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਤੋਂ ਵਾਂਝਾ ਕਰਨਾ ਬਹੁਤ ਮੰਦਭਾਗਾ ਅਤੇ ਚਿੰਤਾਜਨਕ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਭਾਸ਼ਾ ਕਾਨੂੰਨ The Punjab Learning of Punjabi and other Languages (Amendment)Act -2008 ਅਨੁਸਾਰ ਪੰਜਾਬ ਦੇ ਹਰ ਸਕੂਲ ਵਿੱਚ ਦਸਵੀਂ ਜਮਾਤ ਤੱਕ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਾਜ਼ਮੀ ਹੈ, ਪਰ ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ (AWES) ਵੱਲੋਂ ਜਾਰੀ ਕੀਤੇ ਪੱਤਰ ਵਿੱਚ ਪੰਜਾਬੀ ਨੂੰ ਵਾਧੂ ਵਿਸ਼ੇ (Additional) ਵਜੋਂ ਰੱਖ ਕੇ ਸੰਸਕ੍ਰਿਤ ਨੂੰ ਲਾਜ਼ਮੀ ਤੌਰ 'ਤੇ ਪੜ੍ਹਾਉਣਾ ਬੱਚਿਆਂ ਦੇ ਸਿੱਖਣ ਦੇ ਅਧਿਕਾਰਾਂ, ਮਨੋਵਿਗਿਆਨਕ ਆਜ਼ਾਦੀ ਅਤੇ ਉਨ੍ਹਾਂ ਦੀ ਭਾਸ਼ਾਈ ਪਸੰਦ ਨਾਲ ਸਿੱਧਾ ਵਿਰੋਧ ਹੈ।

ਉਨ੍ਹਾਂ ਕਿਹਾ ਕਿ NEP-2020 ਅਤੇ NCF ਦੋਵੇਂ ਹੀ ਬੱਚਿਆਂ ਲਈ ਲਚਕੀਲੇ ਪਾਠਕ੍ਰਮ ,ਮਾਤ ਭਾਸ਼ਾ ਅਧਾਰਿਤ ਸਿੱਖਿਆ ਅਤੇ "R3" ਦੇ ਸਿਧਾਂਤਾਂ ਨੂੰ ਉਤਸ਼ਾਹਿਤ ਕਰਦੇ ਹਨ, ਜਿਸ ਅਨੁਸਾਰ ਵਿਦਿਆਰਥੀਆਂ ਨੂੰ ਆਪਣੀ ਰੁਚੀ ਅਤੇ ਸਥਾਨਕ ਭਾਸ਼ਾਈ ਪਿਛੋਕੜ ਦੇ ਅਨੁਸਾਰ ਵਿਸ਼ਿਆਂ ਦੀ ਚੋਣ ਦੀ ਆਜ਼ਾਦੀ ਹੈ ਪਰ ਆਰਮੀ ਐਜੂਕੇਸ਼ਨ ਸੁਸਾਇਟੀ ਵੱਲੋਂ ਸਿੱਖਿਆ ਨੀਤੀ ਦੀ ਭਾਵਨਾ ਨੂੰ ਵੀ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਮਾਪਿਆਂ ਵੱਲੋਂ ਵੀ ਇਸ ਮਾਮਲੇ 'ਤੇ ਗੰਭੀਰ ਚਿੰਤਾ ਜਤਾਈ ਜਾ ਰਹੀ ਹੈ।

ਮੰਚ ਨੇ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਚੌਥੇ ਵਿਕਲਪ ਵਜੋਂ ਰੱਖਿਆ ਗਿਆ ਹੈ ਅਤੇ ਜੇਕਰ 15 ਤੋਂ ਘੱਟ ਵਿਦਿਆਰਥੀ ਪੰਜਾਬੀ ਚੁਣਦੇ ਹਨ ਤਾਂ ਸਕੂਲ ਪੰਜਾਬੀ ਅਧਿਆਪਕ ਦੀ ਨਿਯੁਕਤੀ ਵੀ ਨਹੀਂ ਕਰੇਗਾ। ਅਜਿਹੇ ਹਾਲਾਤ ਵਿੱਚ ਵਿਦਿਆਰਥੀਆਂ ਨੂੰ ਪੰਜਾਬੀ ਘਰ ਬੈਠ ਕੇ ਪੜ੍ਹਨ ਲਈ ਮਜਬੂਰ ਹੋਣਾ ਪਵੇਗਾ।

ਇਹ ਨੀਤੀ ਸਪੱਸ਼ਟ ਤੌਰ 'ਤੇ ਵਿਦਿਆਰਥੀਆਂ ਦੀ ਭਾਸ਼ਾਈ ਵਿਕਲਪ ਸਿੱਖਿਆ ਨੀਤੀ ਨਾਲ ਵਿਤਕਰਾ ਕਰਦੀ ਹੈ। ਡਾ. ਲਖਵਿੰਦਰ ਸਿੰਘ ਜੌਹਲ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਸੰਬੰਧੀ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ, ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਅਤੇ ਸੀ.ਬੀ.ਐਸ.ਈ. ਨੂੰ ਇਕ ਪੱਤਰ ਲਿਖ ਕੇ ਤੁਰੰਤ ਦਖਲ ਦੀ ਮੰਗ ਵੀ ਕੀਤੀ ਸੀ ਪਰ ਪੰਜਾਬ ਸਰਕਾਰ ਵੀ ਇਸ ਅਨਿਆਂ ਵਿਰੁੱਧ ਅੱਜ ਤੀਕ ਚੁੱਪ ਹੈ। ਉਹਨਾਂ ਨੇ ਸੀ.ਬੀ.ਐਸ.ਈ. ਤੋਂ ਮੰਗ ਕੀਤੀ ਹੈ ਕਿ ਉਹ ਇਹ ਯਕੀਨੀ ਬਣਾਏ ਕਿ ਸਾਰੇ ਸਕੂਲ ਭਾਸ਼ਾ ਨੀਤੀ ਅਤੇ ਸਿੱਖਿਆ ਨੀਤੀ ਦੇ ਨਿਯਮਾਂ ਦੀ ਪਾਲਣਾ ਕਰਨ।

ਪੰਜਾਬ ਚੇਤਨਾ ਮੰਚ ਨੇ ਮੰਗ ਕੀਤੀ ਹੈ ਕਿ ਪੰਜਾਬ ਵਿੱਚ ਸਥਿਤ ਸਾਰੇ ਆਰਮੀ ਸਕੂਲਾਂ ਵਿੱਚ ਪੰਜਾਬ ਦੇ ਬੱਚਿਆਂ ਲਈ ਪੰਜਾਬੀ ਭਾਸ਼ਾ ਦੀ ਲਾਜ਼ਮੀ ਪੜ੍ਹਾਈ ਨੂੰ ਯਕੀਨੀ ਬਣਾਇਆ ਜਾਵੇ ।ਮੰਚ ਨੇ ਚੇਤਾਵਨੀ ਦਿੱਤੀ ਕਿ ਜੇਕਰ ਇਹ ਫੈਸਲਾ ਵਾਪਸ ਨਾ ਲਿਆ ਗਿਆ ਤਾਂ ਪੰਜਾਬ ਵਿੱਚ ਸਾਰੀਆਂ ਸਮਾਜਿਕ, ਸੱਭਿਆਚਾਰਕ,ਧਾਰਮਿਕ ਤੇ ਸਿਆਸੀ ਧਿਰਾਂ ਨੂੰ ਲਾਮਬੰਦ ਕਰਕੇ ਵਿਆਪਕ ਲਾਮਬੰਦੀ ਕਰਕੇ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਵੀ ਪੰਜਾਬ ਚੇਤਨਾ ਮੰਚ ਵੱਲੋਂ ਉਠਾਏ ਮਸਲੇ ਨੂੰ ਗੰਭੀਰ ਦੱਸਦਿਆਂ ਇਸ ਨੂੰ ਤੁਰੰਤ ਹੱਲ ਕਰਨ ਦੀ ਅਪੀਲ ਕੀਤੀ ਹੈ। ਇਸ ਫ਼ੈਸਲੇ ਨਾਲ ਪੰਜਾਬ ਦੀਆਂ ਭਾਸ਼ਾਈ ਤੇ ਸੱਭਿਆਚਾਰਕ ਜੜ੍ਹਾਂ ਨੂੰ ਖੋਖਲਾ ਕਰਨ ਦੀਆਂ ਕੁਚਾਲਾਂ ਕਦੇ ਵੀ ਸਹਿਣ ਯੋਗ ਨਹੀਂ ਹਨ।

## ਪੰਜਾਬੀ ਗੀਤਕਾਰ ਤੇ ਫਿਲਮ ਸਾਜ਼ ਭੁੱਲਾ ਰਾਮ ਚੰਨ ਉਰਫ਼ ਚੰਨ ਗੁਰਾਇਆਂ ਵਾਲਾ ਸਦੀਵੀ ਵਿਛੋੜਾ ਦੇ ਗਏ ਹਨ।

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ




ਪੰਜਾਬੀ ਗੀਤਕਾਰ ਤੇ ਫਿਲਮ ਸਾਜ਼ ਭੁੱਲਾ ਰਾਮ ਚੰਨ ਉਰਫ਼ ਚੰਨ ਗੁਰਾਇਆਂ ਵਾਲਾ ਸਦੀਵੀ ਵਿਛੋੜਾ ਦੇ ਗਏ ਹਨ। ਬਲਬੀਰੋ ਭਾਬੀ ਫਿਲਮ ਦੇ ਨਿਰਮਾਣ ਵਿੱਚ ਉਹ ਵੱਡੇ ਭਾਈਵਾਲ਼ ਸਨ। ਚੰਡੀਗੜ੍ਹ ਰਹਿਣ ਵਾਲੀਏ, ਅਸੀਂ ਪੇਂਡੂ ਨਹੀਂ ਦਿਲਾਂ ਦੇ ਮਾੜੇ ਗੀਤ ਨਾਲ ਉਹ ਸ਼ੋਕ ਪਿਆਰੇ ਬਣੇ। ਨਰਿੰਦਰ ਬੀਬਾ ਤੇ ਮਾਸਟਰ ਹਰੀਦੇਵ ਜੀ ਦੇ ਗਾਏ ਦੋਗਾਣੇ ਤੋਂ ਬਾਦ ਕੁਲਦੀਪ ਮਾਣਕ ਦੇ ਗਾਏ ਦੁੱਲਾ ਭੱਟੀ ਗੀਤ ਨੇ ਤਾਂ ਕਮਾਲ ਕਰ ਦਿੱਤੀ।

ਗੁੱਸੇ ਚ ਦੁੱਲੇ ਨੂੰ ਮੇਹਰੂ ਮਾਰੇ ਬੋਲੀਆਂ, ਓ ਇੱਜ਼ਤਾਂ ਤੈਂ ਰੋਲ਼ੀਆਂ।

ਪਿੰਡੀ ਦੇ ਦੁਆਲੇ ਚੱਲਦੀਆਂ ਗੋਲੀਆਂ ਓ ਕੰਧਾਂ ਹੋਈਆਂ ਪੋਲੀਆਂ।

ਆਪ ਤਾਂ ਤੂੰ ਜਾ ਕੇ ਬਹਿ ਗਿਆਂ ਓ ਨਾਨਕੀਂ ਓ ਉੱਤੇ ਲੈ ਕੇ ਚਾਦਰਾ।

ਮੁਗਲਾਂ ਨੇ ਤੇਰਾ ਸਭ ਕੁਝ ਲੁੱਟਿਆ ਓ ਵੱਡਿਆ ਬਹਾਦਰਾ।

ਤੇ ਹੋਰ ਅਨੇਕਾਂ ਗੀਤ ਵੱਡੇ ਗਾਇਕਾਂ ਨੇ ਗਾਏ।

ਚੰਨ ਜੀ ਗੁਰਾਇਆ ਨਗਰ ਪਾਲਕਾ ਦੇ ਮਿਉਂਸਪਲ ਕਮਿਸ਼ਨਰ ਵੀ ਰਹੇ। ਉਨ੍ਹਾਂ ਦਾ ਕਦੇ ਰੰਗ ਰੋਗਨ ਦਾ ਵੱਡਾ ਕਾਰੋਬਾਰ ਸੀ। ਮੁਹੱਬਤੀ ਰੂਹ ਸਨ। ਜਲੰਧਰ ਜਾਂਦਿਆਂ ਬਹੁਤ ਵਾਰ ਉਨ੍ਹਾਂ ਕੋਲ ਰੁਕ ਕੇ ਅੱਗੇ ਜਲੰਧਰ ਜਾਂਦਾ ਹੁੰਦੇ ਸਾਂ। ਉਹ ਵੀ ਦੋ ਤਿੰਨ ਵਾਰ ਮੇਰੇ ਘਰ ਆਏ। ਇੱਕ ਵਾਰ ਤਾਂ ਗੁਰੂ ਰਵੀਦਾਸ ਜੀ ਬਾਰੇ ਗੀਤਾਂ ਦੀ ਕਿਤਾਬ ਦਾ ਖਰੜਾ ਲੈ ਕੇ ਆਏ ਸਨ। ਮੈਂ ਇਸ ਬਾਰੇ ਕੁਝ ਸਫ਼ੇ ਲਿਖੇ ਸਨ। ਪਹਿਲਾਂ ਪਹਿਲ ਉਹ ਖੱਬੇ ਪੱਖੀ ਸੋਚ ਦੇ ਧਾਰਨੀ ਸਨ ਪਰ ਮਗਰੋਂ ਪਾਪੂਲਰ ਗੀਤਕਾਰੀ ਵੱਲ ਮੋੜਾ ਕੱਟ ਗਏ।
ਰੂਹ ਦਾਰ ਵੀਰ ਦੇ ਜਾਣ ਤੇ ਮਨ ਉਦਾਸ ਹੈ।
ਨਮਨ ਹੈ।

## ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਪਟਿਆਲਾ ਜ਼ਿਲ੍ਹੇ ਦੀਆਂ 10 ਇਕਾਈਆਂ ਨੂੰ ਉਦਯੋਗਿਕ ਨੀਤੀ ਤਹਿਤ 1.58 ਕਰੋੜ ਰੁਪਏ ਦੇ ਇੰਸੈਟਿਵ ਪ੍ਰਵਾਨ

### ਪ੍ਰਸ਼ਾਸਨ ਜ਼ਿਲ੍ਹੇ 'ਚ ਉਦਯੋਗਿਕ ਵਿਕਾਸ ਨੂੰ ਹੋਰ ਹੁਲਾਰਾ ਦੇਣ ਲਈ ਵਚਨਬੱਧ – ਡਾ. ਹਿਮਾਸ਼ੂ ਅਗਰਵਾਲ

### ਕਿਹਾ, ਪੰਜਾਬ ਸਰਕਾਰ ਨੇ ਰਾਜ ਵਿੱਚ ਉਦਯੋਗਿਕ ਨਿਵੇਸ਼ ਲਈ ਸਾਜ਼ਗਾਰ ਮਾਹੌਲ ਸਿਰਜਿਆ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ, 6 ਮਈ :ਪਟਿਆਲਾ ਜ਼ਿਲ੍ਹੇ ਅੰਦਰ ਉਦਯੋਗਾਂ ਨੂੰ ਹੁਲਾਰਾ ਦੇਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਅੱਜ ਸਥਾਨਕ ਕਾਰੋਬਾਰੀਆਂ ਨੂੰ ਵਿੱਤੀ ਰਾਹਤ ਪ੍ਰਦਾਨ ਕਰਦੇ ਹੋਏ ਪੰਜਾਬ ਰਾਜ ਉਦਯੋਗਿਕ ਨੀਤੀ 2013, 2017 ਤੇ 2022 ਤਹਿਤ 1 ਕਰੋੜ 58 ਲੱਖ 88 ਹਜ਼ਾਰ 330 ਰੁਪਏ ਦੇ 10 ਇੰਸੈਟਿਵ ਕੇਸਾਂ ਨੂੰ ਪ੍ਰਵਾਨਗੀ ਦਿੱਤੀ।

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਪ੍ਰਧਾਨਗੀ ਹੇਠ ਇੱਥੇ ਹੋਈ ਜ਼ਿਲ੍ਹਾ ਪੱਧਰੀ ਮੀਟਿੰਗ ਦੌਰਾਨ ਅਹਿਮ ਫੈਸਲਾ ਲੈਂਦਿਆਂ ਯੋਗ ਫ਼ਰਮਾਂ ਲਈ ਸੀ.ਐਲ.ਯੂ./ ਈ.ਡੀ.ਸੀ. ਫੀਸ ਅਤੇ ਸਟੇਟ ਜੀ.ਐਸ.ਟੀ., ਵਿਆਜ ਸਬਸਿਡੀ ਦੇਣ ਸਮੇਤ ਸਟੈਂਪ ਡਿਊਟੀ ਵਿੱਚ ਛੋਟ/ਰਿਇੰਬਰਸਮੈਂਟ ਨੂੰ ਮਨਜ਼ੂਰੀ ਦਿੱਤੀ ਗਈ।



ਡਾ. ਹਿਮਾਸ਼ੂ ਅਗਰਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਵਚਨਬੱਧ ਹੈ ਅਤੇ ਰਾਜ ਵਿੱਚ ਉਦਯੋਗਿਕ ਨਿਵੇਸ਼ ਲਈ ਸਾਜ਼ਗਾਰ ਮਾਹੌਲ ਸਿਰਜਿਆ ਗਿਆ ਹੈ।

ਡਾ. ਅਗਰਵਾਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਾਰੇ ਸਬੰਧਤ ਵਿਭਾਗ ਇਹ ਯਕੀਨੀ ਬਣਾਉਣ ਕਿ ਜ਼ਿਲ੍ਹੇ ਅੰਦਰ ਕਿਸੇ ਉਦਯੋਗਿਕ ਇਕਾਈ ਨੂੰ ਪ੍ਰਸ਼ਾਸਨਿਕ ਪੱਧਰ ਉਤੇ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਉਦਯੋਗਾਂ ਦੀਆਂ ਸਾਰੀਆਂ ਪ੍ਰਵਾਨਗੀਆਂ ਦੇਣ ਲਈ ਇਨੈਵਸਟ ਪੰਜਾਬ ਦਾ ਫਾਸਟ ਟਰੈਕ ਪੋਰਟਲ https://pbindustries.gov.in/static/ ਬਣਾਇਆ ਹੋਇਆ ਹੈ, ਜਿਸ ਰਾਹੀਂ ਇੱਕ ਹੀ ਪੋਰਟਲ ਤੋਂ ਸਾਰੇ ਮਾਮਲੇ ਹੱਲ ਹੁੰਦੇ ਹਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਦਯੋਗਿਕ ਨੁਮਾਇੰਦਿਆਂ ਦੀ ਸਹੂਲਤ ਲਈ ਉਦਯੋਗ ਵਿਭਾਗ ਸਮੇਤ ਬਾਕੀ ਸਾਰੇ ਵਿਭਾਗ ਵੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਜ਼ਿਲ੍ਹੇ ਦੇ ਕਾਰੋਬਾਰੀਆਂ ਦੀ ਸਹਾਇਤਾ ਲਈ ਸਦਾ ਹਾਜ਼ਰ ਹਨ।ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਜ਼ਿਲ੍ਹੇ 'ਚ ਉਦਯੋਗਿਕ ਵਿਕਾਸ ਨੂੰ ਹੋਰ ਹੁਲਾਰਾ ਦੇਣ ਲਈ ਵਚਨਬੱਧ ਹੈ।

ਬੈਠਕ ਮੌਕੇ ਜੀ.ਐਮ ਡੀ.ਆਈ.ਸੀ ਅਰਸ਼ਜੀਤ ਸਿੰਘ, ਡੀ.ਆਰ.ਓ. ਹਰਸਿਮਰਨ ਸਿੰਘ, ਡੀ.ਟੀ.ਪੀ. ਰਮਨਦੀਪ ਕੌਰ, ਏ.ਐਲ.ਸੀ ਪਵਨੀਤ ਕੌਰ, ਈਟੀਓ ਰਾਜਵਿੰਦਰ ਸਿੰਘ, ਐਲ.ਡੀ.ਐਮ ਸੰਜੀਵ ਅਗਰਵਾਲ, ਬੈਂਕਾਂ ਤੇ ਬਿਜਲੀ ਨਿਗਮ ਦੇ ਅਧਿਕਾਰੀਆਂ ਸਮੇਤ ਵੱਖ-ਵੱਖ ਉਦਯੋਗਿਕ ਇਕਾਈਆਂ ਦੇ ਨੁਮਾਇੰਦੇ ਵੀ ਮੌਜੂਦ ਸਨ।

ਫੋਟੋ ਕੈਪਸ਼ਨ-ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਹਿਮਾਸ਼ੂ ਅਗਰਵਾਲ ਉਦਯੋਗਿਕ ਇਕਾਈਆਂ ਨੂੰ ਇੰਸੈਟਿਵ ਦੇਣ ਲਈ ਜ਼ਿਲ੍ਹਾ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ।

## ਯਾਦਾਂ ਦਾ ਰੋਜ਼*+

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ


ਜ਼ਿੰਦਗੀ ਇਕ ਯਾਦਗਾਰ ਬਣ ਗਿਆ।
ਜਿਹੜੇ ਮੇਰੇ ਸਨਿਹਰੇ ਪ ਲਈ ਸਨ ਦਿਲ ਵਿਚ ਹੀ ਰਹਿ ਗਿਆ
ਮੈਂ ਉਮੀਦਾਂ ਦੇ ਦੀਵੇ ਬਾਲੇ ਸਨ
ਦਿਲ ਵਿਚ ਟੁੱਟੀ ਹੋਈ ਯਾਦਾਂ ਨੂੰ ਜੋੜਣਾ ਹੈ।

ਮੈਨੂੰ ਹੁਣ ਤੇਰੇ ਰੰਗਾਂ ਵਿਚ ਰਹਿਣ ਦੀ ਕੀ ਲੋੜ ਹੈ।
ਤੂੰ ਕੋਈ ਰੱਬ ਨਹੀਂ ◌ਂ ਰਿਹਾ ਹੁਣ ਮੇਰਾ।
ਮੈਂ ਡਰਦੀ ਹਾਂ ਉਸ ਸੱਚੇ ਪਾਤਸ਼ਾਹ ਤੋਂ ਹਮੇਸ਼ਾ।
ਹਾਸਿਆਂ ਨੂੰ ਛੱਡ ਕੇ ਮੁਸਕਰਾਉਣਾ ਹੈ।

ਪੀੜਾਂ ਗੱਲ ਨਾਲ ਲਾਉਣਾ ਹੈ।
ਪਿਆਰ ਦੇ ਰਿਸ਼ਤੇ ਜੀਉਂਦੇ ਰਹਿਣ ।
ਸਾਲ, ਮਹਿਨੇ, ਦਿਨ ਗਿਣਨਾ ਹੈ।
ਫਿਰ ਮਸਤ ਹੋਕੇ ਜੀਣਾ ਹੈ।

ਮੈਂ ਕਿਉਂ ਸ਼ਿਕਾਇਤਾਂ ਕਰਕੇ ਜ਼ਿੰਦਗੀ ਗਾਲਾਂ।
ਯਾਦਾਂ ਦਾ ਇਕ ਢੇਰ ਬਣ ਗਿਆ ਜ਼ਿੰਦਗੀ ।
ਮੇਰੀ ਜ਼ਿੰਦਗੀ ਇਕ ਗੁਰਬਾਣੀ ਕਹਾਣੀ ਬਣ ਗਿਆ ਹੈ।

## ਦਰਸ਼ਨ ਸਿੰਘ ਦਰਸ਼ ਪਸਿਆਣਾ ਦਾ ਕਾਵਿ-ਸੰਗ੍ਰਹਿ 'ਮੁਹੱਬਤ ਜ਼ਿੰਦਾਬਾਦ' ਸਮਾਜਿਕਤਾ ਦਾ ਪ੍ਰਤੀਕ




ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਦਰਸ਼ਨ ਸਿੰਘ ਦਰਸ਼ ਪਸਿਆਣਾ ਆਪਣੀਆਂ ਕਵਿਤਾਵਾਂ ਵਿੱਚ ਦਿਹਾਤੀ ਸਭਿਆਚਾਰ ਦੇ ਪਤ੍ਰੀਬਿੰਬ ਪੇਸ਼ ਕਰਨ ਵਾਲਾ ਕਵੀ ਹੈ। ਉਹ ਪੰਜਾਬੀ ਦਿਹਾਤੀ ਸਭਿਆਚਾਰ ਨੂੰ ਪ੍ਰਣਾਇਆ ਹੋਇਆ ਸੰਵੇਦਨਸ਼ੀਲ ਸ਼ਾਇਰ ਹੈ, ਜਿਹੜਾ ਪਿੰਡਾਂ ਵਿੱਚ ਧਰਾਤਲ ਪੱਧਰ 'ਤੇ ਵਾਪਰ ਰਹੀਆਂ ਘਟਨਾਵਾਂ, ਸਰਗਰਮੀਆਂ, ਲੋਕਾਈ ਦੇ ਵਿਹਾਰਕ ਜੀਵਨ ਅਤੇ ਖਾਸ ਤੌਰ 'ਤੇ ਕਿਸਾਨੀ ਤੇ ਮਜ਼ਦੂਰ ਵਰਗ ਨਾਲ ਸੰਬੰਧਤ ਕਿੱਤਿਆਂ ਵਿੱਚ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਤੇ ਸੰਦਾਂ ਨੂੰ ਆਪਣੀਆਂ ਕਵਿਤਾਵਾਂ ਦੇ ਵਿਸ਼ੇ ਬਣਾਉਂਦਾ ਹੈ। ਉਸਦੀਆਂ ਕਵਿਤਾਵਾਂ ਪਿੰਡਾਂ ਦੇ ਵਾਤਾਵਰਨ, ਕਾਰ ਵਿਹਾਰ, ਰਸਮ ਰਿਵਾਜ਼ਾਂ, ਪਰੰਪਰਾਵਾਂ, ਖੇਡਾਂ, ਸਮਾਜਿਕ, ਆਰਥਿਕ ਸੰਗੀਤਕ ਅਤੇ ਸਭਿਆਚਾਰਕ ਸਰਗਰਮੀਆਂ ਦਾ ਬ੍ਰਿਤਾਂਤ ਸਿਰਜਦੀਆਂ ਹਨ। ਉਸਨੂੰ ਰਿਦਮ ਤੇ ਸੁਰ-ਤਾਲ ਦੀ ਵੀ ਸਮਝ ਲੱਗਦੀ ਹੈ। ਉਸਦੇ ਕਾਵਿ-ਸੰਗ੍ਰਹਿ ਦੇ ਨਾਮ 'ਮੁਹੱਬਤ ਜ਼ਿੰਦਾਬਾਦ' ਤੋਂ ਇਉਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਇਸ ਕਾਵਿ-ਸੰਗ੍ਰਹਿ ਵਿੱਚ ਇਸ਼ਕ-ਮੁਸ਼ਕ ਦੇ ਵਿੱਚ ਲਬਰੇਜ਼ ਕਵਿਤਾਵਾਂ ਹੋਣਗੀਆਂ, ਪ੍ਰੰਤੂ ਕਾਵਿ-ਸੰਗ੍ਰਹਿ ਦੀਆਂ ਸਾਰੀਆਂ ਕਵਿਤਾਵਾਂ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਉਸਦੀ ਮੁਹੱਬਤ ਗ਼ਰੀਬ ਵਰਗ ਦੇ ਦਿਹਾਤੀ ਲੋਕਾਂ ਦੇ ਸਭਿਆਚਾਰ ਨਾਲ ਹੈ। ਦਰਸ਼ਨ ਸਿੰਘ ਦਰਸ਼ ਪਸਿਆਣਾ ਅਜਿਹਾ ਕਵੀ ਹੈ, ਜਿਹੜਾ ਆਪਣੀ ਵਿਰਾਸਤ ਦੀ ਪਹਿਰੇਦਾਰੀ ਕਰਨ ਵਾਲੀਆਂ ਕਵਿਤਾਵਾਂ ਲਿਖਣ ਨੂੰ ਤਰਜ਼ੀਹ ਦਿੰਦਾ ਹੈ। ਆਮ ਤੌਰ 'ਤੇ ਲਗਪਗ ਜਿਤਨੇ ਵੀ ਪੰਜਾਬੀ ਸ਼ਾਇਰ ਹਨ, ਉਨ੍ਹਾਂ ਦੀਆਂ ਕਵਿਤਾਵਾਂ ਆਧੁਨਿਕਤਾ ਦੀ ਪਿਉਂਦ ਵਾਲੀਆਂ ਤੇ ਸ਼ਹਿਰੀ ਵਰਗ ਦੀ ਪ੍ਰੀਨਿਧਤਾ ਕਰਨ ਵਾਲੀਆਂ ਹੁੰਦੀਆਂ ਹਨ। ਦਰਸ਼ ਆਪਣੀ ਦਿਹਾਤੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ। ਉਸਦੀਆਂ ਕਵਿਤਾਵਾਂ ਆਧੁਨਿਕਤਾ ਦੇ ਦੌਰ ਤੋਂ ਕੋਹਾਂ ਦੂਰ ਹਨ। ਉਸਦੀਆਂ ਕਵਿਤਾਵਾਂ ਨੂੰ ਦਿਹਾਤੀ ਸਭਿਆਚਾਰ ਦੀਆਂ ਪ੍ਰਤੀਕ ਕਿਹਾ ਜਾ ਸਕਦਾ ਹੈ। ਉਸਦੀ ਕਵਿਤਾ ਅਮੀਰ ਗ਼ਰੀਬ ਦੇ ਪਾੜੇ ਨੂੰ ਖ਼ਤਮ ਕਰਕੇ ਆਪਸੀ ਪਿਆਰ, ਸ਼ਹਿਨਸ਼ੀਲਤਾ, ਸਹਿਯੋਗ ਅਤੇ ਸਹਿਹੋਂਦ ਦੀਆਂ ਭਾਵਨਾਵਾਂ ਨੂੰ ਵਧਾਉਣ ਵਾਲੀ ਹੈ। ਸਮਾਜ ਦੇ ਦੱਬੇ ਕੁਚਲੇ ਲੋਕਾਂ, ਗ਼ਰੀਬਾਂ, ਮਜ਼ਦੂਰਾਂ ਅਤੇ ਕਿਸਾਨਾ ਨਾਲ ਸ਼ਾਹੂਕਾਰਾਂ ਵੱਲੋਂ ਕੀਤੀਆਂ ਜਾਂਦੀਆਂ ਜ਼ਿਆਦਤੀਆਂ ਨੂੰ ਵੀ ਉਹ ਕਵਿਤਾਵਾਂ ਦਾ ਰੂਪ ਦਿੰਦਾ ਹੈ। ਸ਼ਾਇਰ ਜ਼ਾਤ-ਪਾਤ ਦੇ ਬੰਧਨਾ ਤੋਂ ਮੁਕਤ ਸਮਾਜ ਦੀ ਸਮਾਨਤਾ ਦੀ ਸਿਰਜਣਾ ਦਾ ਲਖਾਇਕ ਹੈ। ਅਮੀਰ ਗ਼ਰੀਬ ਦਾ ਪਾੜਾ ਵਧਾਉਣ ਵਿੱਚ ਵਿਓਪਾਰੀਆਂ, ਪੂੰਜੀਪਤੀਆਂ ਅਤੇ ਰਾਜਨੀਤਕ ਲੋਕਾਂ ਦੀਆਂ ਕਰੂਰ ਹਰਕਤਾਂ ਦਾ ਪਰਦਾ ਫਾਸ਼ ਵੀ ਕਰਦਾ ਹੈ, ਜਿਨ੍ਹਾਂ ਦੇ ਵਾਅਦੇ ਕਦੇ ਵਫ਼ਾ ਨਹੀਂ ਹੁੰਦੇ। ਭਾਵ ਕੁਸ਼ਾਸ਼ਨ ਨੂੰ ਆੜੇ ਹੱਥੀਂ ਲੈਂਦਾ ਹੈ। ਉਹ ਇਹ ਵੀ ਮਹਿਸੂਸ ਕਰਦਾ ਹੈ ਕਿ ਆਜ਼ਾਦੀ ਦੀਆਂ ਬਰਕਤਾਂ ਹੇਠਲੇ ਪੱਧਰ ਤੱਕ ਨਹੀਂ ਪਹੁੰਚ ਰਹੀਆਂ, ਕੁਝ ਕੁ ਗਿਣੇ ਚੁਣੇ ਲੋਕ ਉਨ੍ਹਾਂ ਦਾ ਲਾਭ ਉਠਾ ਰਹੇ ਹਨ। ਇਸਤਰੀਆਂ ਨਾਲ ਹੋ ਰਹੇ ਵਰਤਾਰਿਆਂ ਅਤੇ ਸ਼ੋਸ਼ਣ ਦੀ ਵੀ ਉਹ ਆਪਣੀਆਂ ਕਵਿਤਾਵਾਂ ਵਿੱਚ ਨਿੰਦਿਆ ਕਰਦਾ ਹੋਇਆ, ਉਨ੍ਹਾਂ ਲਈ ਇਨਸਾਫ਼ ਦੀ ਆਸ ਕਰਦਾ ਹੈ। ਦਾਜ ਦਹੇਜ ਦੀ ਪਰੰਪਰਾ ਦਾ ਵਿਰੋਧੀ ਹੈ। ਸਮਾਜ ਦਾ ਇਸਤਰੀ ਬਾਰੇ ਜੋ ਮਾੜਾ ਵਿਵਹਾਰ ਹੈ, ਉਸਦੀ ਚਿੰਤਾ ਕਵੀ ਦੀਆਂ ਕਵਿਤਾਵਾਂ ਵਿੱਚੋਂ ਝਲਕਦੀ ਹੈ। ਔਰਤ ਨੂੰ ਸਮਾਜ ਦੀ ਸਿਰਜਕ ਦਾ ਖ਼ਿਤਾਬ ਦਿੰਦਾ ਹੋਇਆ, ਸ਼ਾਇਰ ਮਰਦ ਪ੍ਰਧਾਨ ਸਮਾਜ ਵੱਲੋਂ ਉਸ ਨਾਲ ਕੀਤੀ ਜਾਂਦੀ ਦੁਰਗਤੀ ਨੂੰ ਵੀ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਉਂਦਾ ਹੈ। ਇਸ ਕਾਵਿ-ਸੰਗ੍ਰਹਿ ਵਿੱਚ 46 ਕਵਿਤਾਵਾਂ ਹਨ, ਕਵੀ ਉਨ੍ਹਾਂ ਵਿੱਚੋਂ ਲਗਪਗ ਇੱਕ ਦਰਜਨ ਕਵਿਤਾਵਾਂ ਵਿੱਚ ਇਸਤਰੀਆਂ ਦੇ ਯੋਗਦਾਨ ਅਤੇ ਉਨ੍ਹਾਂ ਨਾਲ ਹੋ ਰਹੇ ਵਿਤਕਰਿਆਂ ਦਾ ਜ਼ਿਕਰ ਕਰਦਾ ਹੈ। 'ਪੰਜਾਬ ਸਿਆਂ', 'ਮਾਂ ਬਾਝੋਂ', 'ਧੀ ਬਚਾਓ', 'ਸਵੈ-ਵਾਰਤਾ', 'ਨਾਰੀ ਦਿਵਸ', 'ਮਾਪੇ ਹੁੰਦੇ ਦੁਨੀਆ ਵਾਲਿਓ', 'ਔਰਤ ਮਰਦ 'ਚ ਅੰਤਰ', 'ਸੰਧਾਰਾ', ਗੁਸਤਾਖ਼', 'ਰੱਖੜੀ', ਅਤੇ 'ਧੀ ਜੰਮਣ ਲਈ' ਕਵਿਤਾਵਾਂ ਔਰਤਾਂ ਨਾਲ ਸੰਬੰਧਤ ਹਨ। ਧੀ ਜੰਮਣ 'ਤੇ ਮਰਦ ਪ੍ਰਧਾਨ ਸਮਾਜ ਬੁਰਾ ਮਨਾਉਂਦਾ ਹੈ। ਹਾਲਾਂ ਕਿ ਧੀ ਤੋਂ ਬਿਨਾ ਸਮਾਜ ਦੀ ਸਿਰਜਣਾ ਦਾ ਸਪਨਾ ਵੀ ਨਹੀਂ ਲਿਆ ਜਾ ਸਕਦਾ, ਪ੍ਰੰਤੂ ਫਿਰ ਵੀ ਮਰਦਾਂ ਦੀ ਮਾਨਸਿਕਤਾ ਔਰਤ ਦੀ ਨਿੰਦਿਆ ਕਰਦੀ ਹੈ। ਧੀਆਂ ਦੇ ਰਾਖਿਆਂ ਦਾ ਕੁੜੀਮਾਰਾਂ ਵਿੱਚ ਨਾਂ ਵੱਜਦਾ ਹੈ। ਧੀ ਜੰਮਣ ਲਈ ਵਿਗਿਆਨ ਮਰਦ ਅਤੇ ਔਰਤ ਦੋਹਾਂ ਨੂੰ ਬਰਾਬਰ ਦਾ ਜ਼ਿੰਮੇਵਾਰ ਸਮਝਦਾ ਹੈ। ਪਰ ਮਰਦ ਔਰਤ ਨੂੰ ਧੀ ਪੈਦਾ ਕਰਨ ਦਾ ਜ਼ਿੰਮੇਵਾਰ ਕਹਿਕੇ ਉਸਤੇ ਤਸ਼ੱਦਦ ਕਰਦਾ ਹੋਇਆ, ਉਸ ਨਾਲ ਮਾੜਾ ਵਿਵਹਾਰ ਕਰਦਾ ਹੈ। 'ਧੀ ਜੰਮਣ ਲਈ' ਸਿਰਲੇਖ ਵਾਲੀ ਕਵਿਤਾ ਵਿੱਚ ਕਵੀ ਲਿਖਦਾ ਹੈ:

ਧੀ ਜੰਮਣ ਲਈ ਪਿਉ ਵੀ ਐ, ਮਾਂ ਜਿੰਨਾ ਹੀ ਜ਼ਿੰਮੇਵਾਰ।

ਬੰਦ ਕਰੋ ਫਿਰ ਕੇਵਲ ਮਾਂ ਨੂੰ, ਕਰਨਾ ਖੱਜਲ ਖ਼ੁਆਰ।

ਧੀ ਜੰਮਣ ਦਾ ਦੋਸ਼ ਅਗਿਆਨੀਆਂ, ਮਾਵਾਂ ਦੇ ਸਿਰ ਮੜ੍ਹਿਆ।

ਪਰ ਵਿਗਿਆਨੀਆਂ ਨੇ ਪਰਦਾ ਹੁਣ, ਝੂਠ ਤੋਂ ਪਾਸੋ◌ੇ ਕਰਿਆ।

ਸ਼ਾਇਰ 'ਮਹਿੰਗਾਈ ਤੇ ਬੇਰੋਜ਼ਗਾਰੀ ਬਾਰੇ ਵੀ ਚਿੰਤਾ ਪ੍ਰਗਟ ਕਰਦਾ ਹੈ। ਗ਼ਰੀਬਾਂ ਦਾ ਜਿਓਣਾ ਦੁੱਭਰ ਹੋ ਗਿਆ ਹੈ। ਮਹਿੰਗਾਈ ਅਸਮਾਨ ਨੂੰ ਚੜ੍ਹ ਗਈ ਹੈ। ਜ਼ਰੂਰੀ ਵਸਤਾਂ ਵੀ ਗ਼ਰੀਬਾਂ ਦੀ ਪਹੁੰਚ ਤੋਂ ਬਾਹਰ ਜਾ ਰਹੀਆਂ ਹਨ। ਜ਼ਮੀਨਦੋਜ਼ ਪਾਣੀ ਦੀ ਦੁਰਵਰਤੋਂ ਹੋ ਰਹੀ ਹੈ, ਇਸ ਲਈ ਜ਼ਮੀਨ ਦੋਜ਼ ਪਾਣੀ ਖ਼ਤਮ ਹੋਣ ਦੇ ਕਿਨਾਰੇ ਪਹੁੰਚ ਰਿਹਾ ਹੈ। ਪਾਣੀ ਨੂੰ ਪਲੀਤ ਵੀ ਕੀਤਾ ਜਾ ਰਿਹਾ ਹੈ ਸਮਾਜ ਆਪਣੀ ਸਮਾਜਿਕ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫਲ ਹੋ ਰਿਹਾ ਹੈ। ਸ਼ਾਹੂਕਾਰਾਂ ਦੇ ਕਰਜ਼ਿਆਂ ਦਾ ਪਾਰ ਸਹਿਣਾ ਔਖਾ ਹੋ ਗਿਆ ਹੈ। ਕਿਸਾਨ ਖ਼ੁਦਕਸ਼ੀਆਂ ਕਰ ਰਹੇ ਹਨ। 'ਪੰਜਾਬ ਸਿਆਂ' ਸਿਰਲੇਖ ਵਾਲੀ ਕਵਿਤਾ ਵਿੱਚ ਕਵੀ ਲਿਖਦਾ ਹੈ:

ਚਾਅ ਤਿੜਕੇ ਪੁੱਤਰਾਂ ਦੇ, ਸੁਪਨੇ ਧੀਆਂ ਦੇ ਨਿੱਤ ਮਰਦੇ।

ਅੰਨਦਾਤੇ ਆਖੀਦੇ ਵਿਚਾਰੇ, ਨਿੱਤ ਖ਼ੁਦਕਸ਼ੀਆਂ ਕਰਦੇ।

ਇਸੇ ਕਵਿਤਾ ਵਿੱਚ ਕਵੀ ਲਿਖਦਾ ਹੈ ਕਿ ਪੁਰਾਣੇ ਪਿਪਲਾਂ ਬੋਹੜਾਂ ਵਰਗੇ ਰੁੱਖਾਂ ਹੇਠ ਹੁਣ ਭੰਗੜੇ ਤੇ ਗਿੱਧੇ ਨਹੀਂ ਪੈਂਦੇ, ਪਿੰਡਾਂ ਦਾ ਦਿਹਾਤੀ ਸਭਿਆਚਾਰ ਕਿਧਰੇ ਵੇਖਣ ਨੂੰ ਵੀ ਨਹੀਂ ਮਿਲਦਾ। ਪਹਿਲੇ ਨੰਬਰ ਤੇ ਆਉਣ ਵਾਲਾ ਪੰਜਾਬ ਹੇਠਲੇ ਨੰਬਰ 'ਤੇ ਚਲਾ ਗਿਆ। ਨਸ਼ਾ ਚਾਰੇ ਪਾਸੇ ਫ਼ੈਲਿਆ ਹੋਇਆ ਹੈ। ਨੌਜਵਾਨੀ ਗੁਮਰਾਹ ਹੋਈ ਫਿਰਦੀ ਹੈ। ਸ਼ਾਇਰ ਕਲਮਾਂ ਵਾਲਿਆਂ ਨੂੰ ਵੀ ਨਿਹੋਰਾ ਮਾਰਦਾ ਹੈ ਕਿ ਉਹ ਵੀ ਲੋਕਾਈ ਦੇ ਹੱਕ ਵਿੱਚ ਆਵਾਜ਼ ਬੁਲੰਦ ਨਹੀਂ ਕਰ ਰਹੇ।

Êਪੰਜਾਬ ਦੀ ਨੌਜਵਾਨੀ ਪਰਵਾਸ ਕਰੀ ਜਾ ਰਹੀ ਹੈ। ਬਜ਼ੁਰਗ ਮਾਪੇ ਪਿੱਛੇ ਰੁਲ ਰਹੇ ਹਨ। ਅਜੋਕੀ ਨੌਜਵਾਨੀ ਮਾਪਿਆਂ ਨਾਲ ਨਿਰਮੋਹੀ ਹੋ ਗਈ ਹੈ। ਮਾਂ ਬਾਪ ਨੇ ਦੁੱਖ ਤਸੀਹੇ ਝਲਦਿਆਂ ਬੱਚਿਆਂ ਨੂੰ ਐਸ਼ ਆਰਾਮ ਦਿੱਤਾ, ਪ੍ਰੰਤੂ ਬੱਚੇ ਮਾਪਿਆਂ ਬਿਰਧ ਆਸ਼ਰਮਾ ਵਿੱਚ ਛੱਡਕੇ ਆਪ ਆਨੰਦ ਮਾਣਦੇ ਹਨ। ਸ਼ਾਇਰ ਨੇ 'ਗੁਸਤਾਖੀ' ਕਵਿਤਾ ਵਿੱਚ ਲਿਖਿਆ ਹੈ:

ਸੋਚੋ ਉਏ ਨੌਜਵਾਨੋ ਸ਼ਰਮਾ ਨਾ ਘੋਲ ਪੀਓ,

ਮਾਪੇ ਬਿਰਧ ਆਸ਼ਰਮਾਂ ਵਿੱਚ ਛੱਡ ਆਉਂਦੇ ਕਿਉਂ ਦੱਸਿਓ।

ਰੋਲ ਕੇ ਮਾਪੇ ਦਰਸ਼ ਕਹੇ ਮਰ ਜਾਂਦੇ ਜਿਉਂਦੇ ਜੀਅ

ਇਸ ਤੋਂ ਵੱਡੀ ਗੁਸਤਾਖੀ ਕੀ।

ਦਰਸ਼ਨ ਸਿੰਘ ਦਰਸ਼ ਦੀ ਸ਼ਬਦਾਵਲੀ ਠੇਠ ਤੇ ਸਰਲ ਦਿਹਾਤੀ ਹੈ, ਜਿਸਦੀ ਹਰ ਪਾਠਕ ਨੂੰ ਸਮਝਣ ਵਿੱਚ ਕੋਈ ਮੁਸ਼ਕਲ ਪੇਸ਼ ਨਹੀਂ ਆਉਂਦੀ ਤੇ ਪਾਠਕ ਆਨੰਦ ਮਾਣਦੇ ਹਨ। ਉਸਦੀ ਦਿਹਾਤੀ ਸ਼ਬਦਾਵਲੀ ਵਿੱਚ ਚੋਏ, ਕੱਸੀਆਂ, ਡੂੱਡੇ, ਹੱਲਿਆਂ ਵੇਲੇ, ਭੰਨਾਂ, ਘਾੜਤਾਂ, ਦਿਹਾੜੀ, ਲੋਹੜੇ, ਢਾਈ, ਮਣ, ਘੋਲ਼, ਦਰਿੰਦੇ, ਸੋਭਾ, ਮਾਣ, ਚਾਟੀ, ਮਧਾਣੀ, ਤੜਕੇ, ਤੇਹ, ਹਾਕਾਂ, ਡੰਡਾ, ਟ੍ਵਊਏ, ਚਰਖੇ, ਤੰਬੀ, ਕੰਡਾ, ਚੰਡਾਲਣੀ, ਚੁੜੇਲ, ਫੜ੍ਹਾਂ,ਕੁਟੰਬ,ਦਾਤਾਂ, ਟੋਭੇ, ਖੂਹ, ਬਿਗਲ, ਚੁਲ੍ਹੇ, ਟੁੱਕਰਾਂ, ਘੁੱਗ, ਧੱਕੇ, ਧੌਲੇ ਅਤੇ ਡੱਡੂ ਆਦਿ ਦੀ ਆਮ ਵਰਤੋਂ ਕੀਤੀ ਗਈ ਹੈ, ਜਿਸਨੂੰ ਸਮਝਣ ਵਿੱਚ ਮੁਸ਼ਕਲ ਨਹੀਂ ਆਉਂਦੀ। ਭਵਿਖ ਵਿੱਚ ਦਰਸ਼ਨ ਸਿੰਘ ਦਰਸ਼ ਪਸਿਆਣਾ ਤੋਂ ਹੋ ਵਧੀਆ ਦਿਹਾਤੀ ਚਿਤਰਣ ਦੀ ਆਸ ਕੀਤੀ ਜਾ ਸਕਦੀ ਹਾਂ।

ਸੰਪਰਕ ਦਰਸ਼ਨ ਸਿੰਘ ਦਰਸ਼ ਪਸਿਆਣਾ :9779585081

112 ਪੰਨਿਆਂ, 290 ਰੁਪਏ ਕੀਮਤ ਵਾਲਾ ਇਹ ਕਾਵਿ-ਸੰਗ੍ਰਹਿ ਕੈਲੀਬਰ ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।